395

ਤਿਲਕ ਆਰ. ਸਾਰੰਗਲ, ਆਈ.ਏ.ਐਸ.,

ਅ:ਸ:ਪੱ:ਨੰ:1/13/2007-ਰਸ1/

2742920

ਭਲਾਈ

16.3.2009

ਵਿਸ਼ਾ : ਅਨੁਸੂਚਿਤ ਜਾਤੀ ਦੇ ਸਰਟੀਫਿਕੇਟਾਂ ਦੀ ਵੈਰੀਫਿਕੇਸ਼ਨ ਬਾਰੇ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਦਲੀਪ ਸਿੰਘ ਪਾਂਧੀ, ਸਾਬਕਾ ਮੰਤਰੀ ਅਤੇ ਹਾਲ ਦੀ ਘੜੀ ਮੈਂਬਰ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਮੇਰੇ ਧਿਆਨ ਵਿੱਚ ਲਿਆਂਦਾ ਹੈ ਕਿ ਰਾਜ ਭਰ ਵਿੱਚ ਮਰਾਸੀ ਮੁਸਲਮਾਨ ਜਾਤੀ ਦੇ ਲੋਕ ਆਪਣੇ ਆਪ ਨੂੰ ਡੂਮ ਜਾਤੀ ਦਾ ਨਾਂ ਲਿਖ ਕੇ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰਵਾ ਰਹੇ ਹਨ। ਸੰਵਿਧਾਨਕ ਹੁਕਮ (ਅਨੁਸੂਚਿਤ ਜਾਤੀ) 1950, ਪੰਜਾਬ ਲਿਸਟ ਵਿੱਚ ਲੜੀ ਨੰਬਰ 16 ਤੇ ਡੂਮ ਜਾਤੀ ਅਨੁਸੂਚਿਤ ਜਾਤੀ ਦੀ ਲਿਸਟ ਵਿੱਚ ਦਰਜ ਹੈ। ਪਰ ਇਥੇ ਦਸੱਣਾ ਯੋਗ ਹੋਵੇਗਾ ਕਿ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਕੇਵਲ ਹਿੰਦੂ, ਸਿੱਖ ਅਤੇ ਬੁੱਧ ਧਰਮ ਦੇ ਅਨੁਯਾਈਆਂ ਨੂੰ ਹੀ ਜਾਰੀ ਕੀਤਾ ਜਾ ਸਕਦਾ ਹੈ। ਹੋਰ ਕਿਸੇ ਵੀ ਧਰਮ ਦੇ ਅਨੁਯਾਈ ਸੰਵਿਧਾਨਕ ਹੁਕਮ ਅਨੁਸਾਰ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਦੇ ਹੱਕਦਾਰ ਨਹੀਂ ਹਨ। ਇਸ ਲਈ ਮੁਸਲਿਮ ਜਾਤੀ ਦੇ ਵਿਅਕਤੀ ਜਿਹਨਾਂ ਨੂੰ ਡੂਮ ਜਾਤੀ ਲਿੱਖ ਕੇ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਹੋਇਆ ਹੈ ਉਹ ਨਿਯਮਾਂ ਅਨੁਸਾਰ ਨਹੀਂ ਹੈ ਅਤੇ ਅਜਿਹੇ ਸਰਟੀਫਿਕੇਟ ਤੁਰੰਤ ਖਾਰਜ ਕੀਤੇ ਜਾਣੇ ਬਣਦੇ ਹਨ।

ਇਸੇ ਤਰਾਂ ਮੈਂ ਇਹ ਦੱਸਣਾ ਯੋਗ ਸਮਝਾਂਗਾ ਕਿ ਸੰਵਿਧਾਨਕ ਹੁਕਮ (ਅਨੁਸੂਚਿਤ ਜਾਤੀ) 1950 ਜਿਸ ਵਿੱਚ ਕਿ ਸਮੇਂ-ਸਮੇਂ ਤਬਦੀਲੀਆਂ ਹੋਈਆਂ ਹਨ ਉਸ ਵਿੱਚ ਦਰਜ ਜਾਤੀਆਂ ਜੋ ਕਿ ਹਿੰਦੂ, ਸਿੱਖ ਅਤੇ ਬੁੱਧ ਧਰਮ ਨਾਲ ਸਬੰਧਤ ਹਨ ਕੇਵਲ ਉਹਨਾਂ ਨੂੰ ਹੀ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕੀਤਾ ਜਾਣਾ ਬਣਦਾ ਹੈ। ਸੰਵਿਧਾਨਕ ਹੁਕਮ 1950 ਵਿਚ ਦਰਜ ਜਾਤੀ ਲਿਸਟਾਂ ਰਾਜ ਵਿਸ਼ੇਸ਼ ਹਨ ਅਤੇ ਕਿਸੇ ਵੀ ਰਾਜ ਵਿਚ ਇਸ ਲਿਸਟ ਤੋਂ ਬਾਹਰ ਕਿਸੇ ਵੀ ਵਿਅਕਤੀ ਨੂੰ ਜੇ ਕੋਈ ਅਨੁਸੂਚਿਤ ਜਾਤੀ ਸਰਟੀਫਿਕੇਟ ਜਾਰੀ ਹੋਇਆ ਹੈ ਤਾਂ ਉਹ ਵੀ ਗੈਰ ਕਾਨੂੰਨੀ ਹੈ। ਇਸੇ ਤਰਾਂ ਲੜੀ ਨੰਬਰ 32 ਤੇ ਸਾਂਸੀ, ਭੇਡਕੁੱਟ ਅਤੇ ਮਨੇਸ਼ ਜਾਤੀਆ ਪੰਜਾਬ ਵਿਚ ਅਨੁਸੂਚਿਤ ਜਾਤੀ ਆਰਡਰ 1950 ਦਾ ਹਿੱਸਾ ਹਨ ਅਤੇ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਲੈਣ ਦੀਆਂ ਹੱਕਦਾਰ ਹਨ।ਇਨ੍ਹਾਂ ਜਾਤੀਆਂ ਦੀਆਂ ਸਬ-ਜਾਤੀਆਂ ਜਾਂ ਹੋਰ ਮਿਲਦੀਆਂ ਜੁਲਦੀਆਂ ਜਾਤੀਆਂ ਨੂੰ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾ ਸਕਦਾ । ਐਪਰ ਕੁੱਝ ਜਿਲ੍ਹਿਆਂ ਵਿੱਚ ਅਜਿਹਾ ਕੀਤਾ ਜਾ ਰਿਹਾ ਹੈ। ਮੈਂ ਇਥੇ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀ ਸਰਟੀਫਿਕੇਟ ਕੇਵਲ ਅਤੇ ਕੇਵਲ ਸੰਵਿਧਾਨਕ ਹੁਕਮ (ਅਨੁਸੂਚਿਤ ਜਾਤੀ) 1950 ਵਿੱਚ ਪੰਜਾਬ ਰਾਜ ਲਈ ਦਰਜ 39 ਜਾਤੀਆਂ (ਕਾਪੀ ਨੱਥੀ) ਨੂੰ ਹੀ ਜਾਰੀ ਕੀਤਾ ਜਾ ਸਕਦਾ ਹੈ। ਮਾਨਯੋਗ ਅਦਾਲਤਾਂ ਦੇ ਵੱਖ ਵੱਖ ਹੁਕਮਾਂ ਅਨੁਸਾਰ ਇਹਨਾਂ ਜਾਤੀਆਂ ਦੇ ਨਾਮ ਹੂ-ਬ-ਹੂ ਲਿਸਟ ਵਿੱਚ ਲਿਖੇ ਨਾਮਾਂ ਦੇ ਮੁਤਾਬਕ ਹੀ ਹੋਣੇ ਚਾਹੀਦੇ ਹਨ। ਆਪਣੇ ਤੌਰ ਤੇ ਕੋਈ ਵੀ ਰਾਜ ਸਰਕਾਰ ਜਾਂ ਹੋਰ ਕਿਸੇ ਅਧਿਕਾਰੀ ਨੂੰ ਇਹਨਾਂ ਇੰਦਰਾਜਾਂ ਵਿੱਚ ਤਬਦੀਲੀ ਕਰਨ ਦੇ ਅਧਿਕਾਰ ਨਹੀਂ ਹਨ। ਇੰਦਰਾਜਾਂ ਵਿਚ ਤਬਦੀਲੀ ਕੇਵਲ ਸਵਿਧਾਨ ਵਿੱਚ ਸੋਧ ਨਾਲ ਹੀ ਹੋ ਸਕਦੀ ਹੈ। ਇਹਨਾਂ ਜਾਤੀਆਂ ਦੇ ਨਾਮ ਵਿੱਚ ਕੌਮਾ, ਟਿੱਪੀ, ਬਿੰਦੀ ਅਤ ਹੋਰ ਕਿਸੇ ਕਿਸਮ ਦੀ ਸਪੈਲਿੰਗ ਤਬਦੀਲੀ ਵੀ ਨਹੀਂ ਕੀਤੀ ਜਾ ਸਕਦੀ। ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰਦੇ ਸਮੇਂ ਕੇਵਲ ਅਤੇ ਕੇਵਲ ਸੰਵਿਧਾਨ ਦੇ 1950 ਦੇ ਇਸ ਹੁਕਮ ਵਿਚ ਦਰਜ ਲਿਸਟ ਦੀਆਂ ਜਾਤੀਆਂ ਨੂੰ ਹੀ ਮੰਨਣਾ ਹੈ ਅਤੇ ਇਸ ਤੋਂ ਬਾਹਰ ਕਿਸੇ ਵੀ ਜਾਤੀ ਜਾਂ ਸਬ-ਜਾਤੀ ਨੂੰ ਸਰਟੀਫਿਕੇਟ ਜਾਰੀ ਨਹੀਂ ਕਰਨਾ ਹੈ। ਜੇ ਇਸ ਦੇ ਉਲਟ ਕੋਈ ਹੋਰ ਹਦਾਇਤਾਂ ਹੋਣ ਵੀ ਤਾਂ ਉਸ ਨੂੰ ਵੀ ਮਾਨਤਾ ਨਹੀਂ ਦੇਣੀ ਅਤੇ ਕੇਵਲ ਇਸੇ ਲਿਸਟ ਨੂੰ ਹੀ ਰੈਫਰੈਂਸ ਲਿਸਟ ਬਣਾਇਆ ਜਾਣਾ ਹੈ। ਮੈਂ ਫਿਰ ਵੀ ਇਹ ਦਸੱਣਾ ਚਾਹਾਂਗਾ ਕਿ ਇਸ ਲਿਸਟ ਵਿੱਚ ਵੀ ਦਰਜ ਜਾਤੀਆਂ ਹਿੰਦੂ, ਸਿੱਖ ਅਤੇ ਬੁੱਧ ਧਰਮ ਨਾਲ ਵੀ ਸਬੰਧਤ ਹੋਣੀਆਂ ਚਾਹੀਦੀਆਂ ਹਨ, ਹੋਰ ਕਿਸੇ ਧਰਮ ਦੇ ਵਿਅਕਤੀ ਭਾਵੇਂ ਉਹਨਾਂ ਦੀਆਂ ਜਾਤੀਆਂ ਦਾ ਨਾਮ ਲਿਸਟ ਵਿਚ ਹੋਵੇ ਵੀ ਉਹਨਾਂ ਨੂੰ ਇਹ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਣਾ ।

ਇਸ ਤੋਂ ਇਲਾਵਾ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਪ੍ਰਵਾਸੀ ਵਿਅਕਤੀ ਪੰਜਾਬ ਰਾਜ ਵਿੱਚ ਆ ਕੇ ਮਿਲਦੀਆਂ ਜੁਲਦੀਆਂ ਜਾਤੀਆਂ ਲਿਖਵਾ ਕੇ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰਵਾ ਰਹੇ ਹਨ। ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਅਨੁਸੂਚਿਤ ਜਾਤੀ ਦੀ ਲਿਸਟ ਰਾਜ ਵਿਸ਼ੇਸ਼ (State specific) ਹੁੰਦੀ ਹੈ ਅਤੇ ਅਜਿਹਾ ਸਰਟੀਫਿਕੇਟ ਕਿਸੇ ਦੂਜੇ ਰਾਜ ਦੇ ਵਿਅਕਤੀ ਨੂੰ ਭਾਵੇਂ ਕਿ ਉਹ ਪੰਜਾਬ ਰਾਜ ਦੀ ਅਨੁਸੂਚਿਤ ਜਾਤੀਆਂ ਦੀ ਲਿਸਟ ਸ਼ਾਮਲ ਵੀ ਕਿਉਂ ਨਾ ਹੋਵੇ ਨੂੰ ਜਾਰੀ ਨਹੀਂ ਕਰਨਾ ਹੈ ਅਤੇ ਨਾਂ ਹੀ ਅਨੁਸੂਚਿਤ ਜਾਤੀ ਨਾਲ ਜੁੜਦੇ ਹੋਰ ਕੋਈ ਲਾਭ ਦੇਣੇ ਹਨ। ਅਨੁਸੂਚਿਤ ਜਾਤੀ ਰਾਜ ਵਿਸ਼ੇਸ਼ ਹੈ ਅਤੇ ਇਸ ਦੇ ਲਾਭ ਆਪਣੇ ਆਪਣੇ ਰਾਜ ਵਿੱਚ ਹੀ ਦੇਣੇ ਹਨ ਨਾ ਕਿ ਕਿਸੇ ਦੂਜੇ ਰਾਜ ਵਿੱਚ । ਇਸ ਲਈ ਅਜਿਹੇ ਪ੍ਰਵਾਸੀ ਵਿਅਕਤੀਆਂ ਨੂੰ ਪੰਜਾਬ ਵਿੱਚ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰਨਾ ਵੀ ਨਿਯਮਾਂ ਦੇ ਉਲਟ ਹੈ, ਅਜਿਹਾ ਨਾ ਕੀਤਾ ਜਾਵੇ। ਜੇ ਕੋਈ ਅਜਿਹੇ ਸਰਟੀਫਿਕੇਟ ਜਾਰੀ ਕੀਤੇ ਹਨ ਉਹਨਾਂ ਦੀ ਪਛਾਣ ਕਰਕੇ ਤੁਰੰਤ ਰੱਦ ਕੀਤੇ ਜਾਣ।

......2.

ਜ਼ਿਲਿਆਂ ਵਿੱਚ ਉਪਰੋਕਤ ਕੁਤਾਹੀਆਂ ਦਾ ਮਾਨਯੋਗ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਗੰਭੀਰ ਨੋਟਿਸ ਲੈਂਦੇ ਹੋਏ ਵਿਭਾਗ ਨੂੰ ਇਹ ਹਦਾਇਤ ਕੀਤੀ ਹੈ ਕਿ ਅਜਿਹੇ ਸਰਟੀਫਿਕੇਟਾਂ ਬਾਰੇ ਮੁਕੰਮਲ ਜਾਣਕਾਰੀ ਰਾਜ ਭਰ ਤੋਂ ਇਕੱਤਰ ਕੀਤੀ ਜਾਵੇ। ਇਸ ਲਈ ਹੇਠ ਲਿਖੇ ਪ੍ਰੋਫ਼ਾਰਮੇ ਅਨੁਸਾਰ 1.1.1980 ਤੋਂ ਬਾਅਦ ਜਾਰੀ ਹੋਏ ਸਾਰੇ ਅਨੁਸੂਚਿਤ ਜਾਤੀ ਦੇ ਸਰਟੀਫਿਕੇਟਾਂ ਦੀ ਪੜਤਾਲ ਕਰਕੇ ਸੂਚਨਾ 3 ਮਹੀਨੇ ਦੇ ਅੰਦਰ-ਅੰਦਰ ਭੇਜੀ ਜਾਵੇ :-

**Name of the District:**

**List of candidates found ineligible who have been issued Scheduled Caste certificate**

| Sr. No. | Name, Father's name & address | Whether belonging to any caste or religion other than Hindu, Sikh or Budhist | Whether belong to person migrated from any other state. | Whether belong to any caste or sub-caste not mentioned in the list of Scheduled Caste order. | Any other reason of ineligibilty |
|---|---|---|---|---|---|
| 1 | 2 | 3 | 4 | 5 | 6 |

ਮੈਂ ਇਥੇ ਦੱਸਣਾ ਚਾਹਾਂਗਾ ਕਿ ਸੰਵਿਧਾਨਕ ਹੁਕਮ (ਅਨੁਸੂਚਿਤ ਜਾਤੀ) 1950 ਦੀ ਪੰਜਾਬ ਲਿਸਟ ਤੋਂ ਬਾਹਰ ਗਲਤ ਜਾਰੀ ਕੀਤੇ ਸਰਟੀਫਿਕੇਟਾਂ ਸਬੰਧੀ ਤਸਦੀਕ ਕਰਤਾ/ਜਾਰੀ ਕਰਤਾ ਅਤੇ ਪ੍ਰਾਪਤ ਕਰਤਾ ਸਾਰਿਆਂ ਦੇ ਖਿਲਾਫ ਫੌਜਦਾਰੀ ਕਾਰਵਾਈ ਹੋ ਸਕਦੀ ਹੈ ਕਿਉਂਕਿ ਇਹ ਭਾਰਤੀ ਸਵਿਧਾਨ ਦੀ ਉਲੰਘਣਾ ਹੈ, ਇਸ ਲਈ ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਸਮੇਂ ਸਿਰ ਉਪਰੋਕਤ ਸੂਚਨਾ ਦਿੱਤੀ ਜਾਵੇ ਤਾਂ ਕਿ ਕਿਸੇ ਕਾਨੂੰਨੀ ਪੇਚੀਦਗੀ ਤੋਂ ਬਚਿਆ ਜਾ ਸਕੇ ।

ਇਸਦੀ ਇਕ ਪ੍ਰਤੀ ਉਪ ਮੰਡਲ ਸਿਵਲ, ਤਹਿਸੀਲਦਾਰ, ਨਾਇਬ ਤਹਿਸੀਲਦਾਰ ਅਤੇ ਹੋਰ ਤਸਦੀਕ ਕਰਤਾ ਅਧਿਕਾਰੀਆਂ ਨੂੰ ਵੀ ਭੇਜੀ ਜਾਵੇ ਤੇ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਆਪਜੀ ਦੀ ਅਗਵਾਈ ਲਈ 39 ਅਨੁਸੂਚਿਤ ਜਾਤੀਆਂ ਦੀ ਲਿਸਟ ਦੀ ਕਾਪੀ ਨਾਲ ਨੱਥੀ ਹੈ।

ਹਿਤੂ,

ਸਹੀ/-
(ਤਿਲਕ ਆਰ. ਸਾਰੰਗਲ)

ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ।

******

ਇਸ ਦਾ ਇੱਕ ਉਤਾਰਾ ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਭਲਾਈ

ਸੇਵਾ ਵਿਖੇ

ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ।

ਅੰ.ਵਿ.ਪੱਤਰ ਨੰ: 1/13/2007-ਰਸ1/ 415 ਮਿਤੀ: ਚੰਡੀਗੜ੍ਹ 16.3.2009

ਪਿਠ ਅੰਕਣ ਨੰਬਰ: 1/13/2007-ਰਸ1/ 416 ਮਿਤੀ: ਚੰਡੀਗੜ੍ਹ 16.3.2009.

ਇਸ ਦਾ ਇੱਕ ਉਤਾਰਾ ਸ੍ਰੀ ਦਲੀਪ ਸਿੰਘ ਪਾਂਧੀ, ਸਾਬਕਾ ਮੰਤਰੀ ਅਤੇ ਮੌਜੂਦਾ ਮੈਂਬਰ, ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਭਲਾਈ